# ਜੇ ਮੇਰੇ ਕੋਲ ਹੈਲਥ ਕਾਰਡ ਨਹੀਂ ਹੈ ਤਾਂ ਕੀ ?

## ਕੀ ਮੈਨੂੰ ਟੀ ਬੀ – ਯੂ ਪੀ ਪ੍ਰੋਗਰਾਮ ਵਿੱਚ ਰਜਿਸਟਰ ਕੀਤਾ ਗਿਆ ਹੈ ? ਹਾਂ ( ) ਨਹੀਂ ( )

**ਇੰਸ਼ੋਰੈਂਸ ਤੋਂ ਬਿਨਾਂ ਵਿਅਕਤੀਆਂ ਲਈ ਟੀ ਬੀ ਦੀਆਂ ਤਸ਼ਖੀਸ਼ੀ ਅਤੇ ਇਲਾਜ ਸੰਬੰਧੀ ਸੇਵਾਵਾਂ(ਟੀ ਬੀ – ਯੂ ਪੀ) ਦਾ ਪ੍ਰੋਗਰਾਮ**

ਟੀ ਬੀ – ਯੂ ਪੀ ਪ੍ਰੋਗਰਾਮ ਓਨਟਾਰਿਓ ਮਨਿਸਟਰੀ ਆਫ ਹੈਲਥ ਐਂਡ ਲੌਂਗ ਟਰਮ ਕੇਅਰ ਦੁਆਰਾ ਫੰਡ ਕੀਤੇ ਜਾਣ ਵਾਲਾ ਅਜਿਹਾ ਪ੍ਰੋਗਰਾਮ ਹੈ ਜੋ ਕਿ ਉਨ੍ਹਾਂ ਲੋਕਾਂ ਲਈ ਡਾਕਟਰ ਨਾਲ ਮੁਲਾਕਾਤਾਂ,ਟੈਸਟਾਂ,ਐਕਸ-ਰੇ ਅਤੇ ਇਲਾਜ ਦੇ ਖਰਚੇ ਉਠਾਉਂਦਾ ਹੈ ਜਿੰਨ੍ਹਾਂ ਨੂੰ ਸਕ੍ਰਿਏ ਟੀ ਬੀ ਹੈ ਅਤੇ ਜਿੰਨ੍ਹਾਂ ਕੋਲ ਓਨਟਾਰਿਓ ਵਿੱਚ ਸਿਹਤ ਦੇ ਖਰਚੇ ਉਠਾਉਣ ਦੇ ਕੋਈ ਸਾਧਨ ਨਹੀਂ ਹਨ। ਇਹ ਪ੍ਰੋਗਰਾਮ ਸਕ੍ਰਿਏ ਟੀ ਬੀ ਵਾਲੇ ਲੋਕਾਂ ਦੇ ਨਾਲ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਲਈ ਵੀ ਸੇਵਾ ਦਾ ਪ੍ਰਬੰਧ ਕਰਦਾ ਹੈ। ਜਿੰਨ੍ਹਾਂ ਲੋਕਾਂ ਨੂੰ ਇਸ ਪ੍ਰੋਗਰਾਮ ਦੀ ਲੋੜ ਹੈ ਉਹ ਕੈਨੇਡਾ ਵਿੱਚ ਘੁੰਮਣ ਆਉਣ ਵਾਲੇ ਜਾਂ ਉਹ ਨਵੇਂ ਆਏ ਆਵਾਸੀ ਹਨ ਜੋ ਆਪਣੇ ਓਨਟਾਰਿਓ ਹੈਲਥ ਕਾਰਡ ਲਈ ਇੰਤਜਾਰ ਦੇ 90 ਦਿਨਾਂ ਦੇ ਸਮੇਂ ਦੇ ਅੰਦਰ ਹਨ। ਇਸ ਪ੍ਰੋਗਰਾਮ ਵਿੱਚ ਦਾਖਲ ਹੋਣ ਲਈ ਤੁਹਾਡੇ ਜਾਂ ਤੁਹਾਡੇ ਡਾਕਟਰ ਲਈ ਪਬਲਿਕ ਹੈਲਥ ਨਰਸ ਨਾਲ ਗੱਲ ਕਰਨਾ ਜਰੂਰੀ ਹੈ।

- ਇਹ ਪ੍ਰੋਗਰਾਮ ਟੀ ਬੀ ਲਈ ਹਸਪਤਾਲ ਵਿੱਚ ਰਹਿਣ ਦੇ ਖਰਚੇ ਨਹੀਂ ਉਠਾਉਂਦਾ ਹੈ।
- ਇਹ ਪ੍ਰੋਗਰਾਮ ਸਿਹਤ ਸੰਬੰਧੀ ਦੂਸਰੀਆਂ ਸਮੱਸਿਆਵਾਂ ਲਈ ਖਰਚੇ ਨਹੀਂ ਉਠਾਉਂਦਾ ਹੈ।
- ਟੀ ਬੀ – ਯੂ ਪੀ ਪ੍ਰੋਗਰਾਮ ਵਿੱਚ ਰਜਿਸਟਰ ਹੋਣ ਤੋਂ ਪਹਿਲਾਂ ਕੀਤੇ ਗਏ ਖਰਚਿਆਂ ਲਈ ਤੁਹਾਨੂੰ ਪੈਸੇ ਵਾਪਸ ਨਹੀਂ ਕੀਤੇ ਜਾ ਸਕਦੇ।